IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸੀ.ਆਰ ਮੋਦਗਿਲ ਦਾ ਕਹਾਣੀ ਸੰਗ੍ਰਹਿ 'ਅੰਨ੍ਹੀ ਪੀਸੇ ਕੁੱਤਾ ਚੱਟੇ': ਥੀਮਕ ਪਸਾਰ

ਡਾ. ਨਿਰਮਲਾ ਰਾਣੀ

ਅਸਿਸਟੈਂਟ ਪ੍ਰੋਫੈਸਰ (ਪੰਜਾਬੀ)

ਮਹਾਰਾਣਾ ਪ੍ਰਤਾਪ ਪੋਸਟ ਗ੍ਰੈਜੂਏਟ ਕਾਲਜ

ਫਾਰ ਵੂਮੈਨ ਮੰਡੀ ਡੱਬਵਾਲੀ ਜਿਲ੍ਹਾ ਸਿਰਸਾ।

ਸੀ.ਆਰ ਮੋਦਗਿਲ ਹਰਿਆਣੇ ਵਿੱਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਇੱਕ ਵਿਲੱਖਣ ਸ਼ਖਸ਼ੀਅਤ ਹੈ। ਉਸਨੇ ਬਹੁਤ ਸਾਰੀਆਂ ਸਾਹਿਤਕ ਵਿਧਾਵਾਂ ਦੀ ਰਚਨਾ ਬੜੀ ਸ਼ਿਦਤ ਅਤੇ ਸੰਜੀਦਗੀ ਨਾਲ ਕੀਤੀ ਹੈ। ਕਹਾਣੀ ਦੇ ਖੇਤਰ ਵਿੱਚ ਉਨ੍ਹਾਂ ਦਾ ਪ੍ਰਵੇਸ਼ ਲਗਭਗ 1990 ਦੇ ਆਸ ਪਾਸ ਹੁੰਦਾ ਹੈ। ਉਸ ਦੀ ਕਹਾਣੀ ਰਚਨਾ ਦਾ ਦਾਇਰਾ ਬਹੁਤ ਵਿਸ਼ਾਲ ਹੈ। ਕਹਾਣੀ ਕਹਿਣ ਦੀ ਜੁਗਤ ਅਤੇ ਕਲਾ ਵਿੱਚ ਉਸਦਾ ਕੋਈ ਸਾਨੀ ਨਹੀਂ। ਆਮ ਲੋਕਾਂ ਦੀ ਆਮ ਭਾਸ਼ਾ ਅਤੇ ਖੁੰਢ ਚਰਚਾ ਵਿੱਚੋਂ ਉਹ ਜਿੰਦਗੀ ਦੇ ਗੰਭੀਰ ਵਿਸ਼ੇ ਸਿਰਜਣ ਦੀ ਸਮੱਰਥਾ ਰੱਖਦਾ ਹੈ। ਉਸਦੀ ਕਹਾਣੀ ਕਲਾ ਬਾਰੇ ਡਾ. ਜੀਵਨ ਬਖਸ਼ੀ ਲਿਖਦੇ ਹਨ "ਮੋਦਗਿਲ ਨਵੇਕਲੇ ਮੁਹਾਂਦਰੇ ਵਾਲੀਆਂ ਕਹਾਣੀਆਂ ਦਾ ਜਦੋਂ ਕਥਾ ਪਾਠ ਕਰਦਾ ਹੈ ਤਾਂ ਰਸ ਦੀ ਇੱਕ ਰੂਪਤਾ ਨਹੀਂ ਟੁੱਟਣ ਦਿੰਦਾ। ਪਾਠਕ ਤੋਂ ਹੁੰਗਾਰੇ ਭਰਵਾਉਣ ਵਿੱਚ ਮਾਹਿਰ ਹੈ ਉਹ। ਮੁੱਕਦੀ ਗੱਲ ਇਹ ਹੈ ਕਿ ਮੋਦਗਿਲ ਨੂੰ ਕਹਾਣੀ ਕਹਿਣ ਦੀ ਮੁਹਾਰਤ ਹਾਸਿਲ ਹੈ ਜੋ ਕਿਸੇ ਵਿਰਲੇ ਹੀ ਕਥਾਕਾਰ ਨੂੰ ਹੁੰਦੀ ਹੈ। ਉਸਦਾ ਰਚਨਾ ਸੰਸਾਰ ਜਿੰਦਗੀ ਨਾਲ ਜੁੜਿਆ ਹੋਇਆ ਹੈ ਅਤੇ ਜਿੰਦਗੀ ਵਾਂਗ ਹੀ ਵਿਰਾਟ ਰੂਪ ਧਾਰਨ ਕਰ ਚੁੱਕਾ ਹੈ। ਉਸ ਕੋਲ ਕਹਿਣ ਲਈ ਗੱਲ ਵੀ ਹੈ ਅਤੇ ਗੱਲ ਕਰਨ ਲਈ ਸੁਹਿਰਦਤਾ ਵੀ। ਉਸ ਦੀਆਂ ਕਹਾਣੀਆਂ ਮਨੁੱਖੀ ਦਿਲ ਨੂੰ ਟੁੰਬਦੀਆਂ ਹੀ ਨਹੀਂ ਮਨੁੱਖ ਨੂੰ ਸੰਵੇਦਨਸ਼ੀਲ ਬਨਾਉਣ ਵਿੱਚ ਸਹਾਈ ਹੁੰਦੀਆਂ ਹਨ। ਇਸ ਤਰ੍ਹਾਂ ਦੀ ਵਿਲੱਖਣ ਪ੍ਰਤਿਭਾ ਕਿਸੇ ਵਿਰਲੇ ਹੀ ਸਾਹਿਤਕਾਰ ਨੂੰ ਬਖਸ਼ਿਸ਼ ਹੁੰਦੀ ਹੈ।"[1]

ਹੱਥਲਾ ਕਹਾਣੀ ਸੰਗ੍ਰਹਿ ਲੇਖਕ ਦੀਆਂ ਅਜਿਹੀਆਂ ਕਹਾਣੀਆਂ ਦਾ ਸੰਗ੍ਰਹਿ ਹੈ ਜਿਸ ਵਿੱਚ ਉਸਨੇ ਬੜੀ ਦਲੇਰੀ, ਨਿਡਰਤਾ, ਨੀਝ ਅਤੇ ਨਿੱਠ ਕੇ ਸਮਾਜ ਅਤੇ ਦੇਸ਼ ਵਿਰੋਧੀ ਤਾਕਤਾਂ ਤੇ ਅਜਿਹੀਆਂ ਵਿਅੰਗਤਾਮਕ ਟਕੋਰਾਂ ਲਗਾਈਆਂ ਹਨ ਕਿ ਪਾਠਕ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਤੋਂ ਪਰਦਾ ਉੱਠਦਾ ਵੇਖ ਕੇ ਹੈਰਾਨ ਅਤੇ ਪ੍ਰੇਸ਼ਾਨ ਹੋ ਜਾਂਦਾ ਹੈ। ਲੇਖਕ ਨੇ ਇਸ ਮਕਸਦ ਲਈ ਵਾਰਤਾਲਾਪੀ ਵਿਧੀ ਅਪਣਾਈ ਹੈ। ਆਮ ਜਨਤਾ ਦੀ ਗੱਲਬਾਤ ਰਾਹੀਂ ਲੇਖਕ ਰਾਜਨੀਤਕ ਨੇਤਾਵਾਂ ਦੇ ਘਪਲਿਆ ਦੇ ਪਾਜ ਉਘਾੜਦੇ ਹੋਏ ਆਮ ਜਨਤਾ ਦੀਆਂ ਪ੍ਰੇਸ਼ਾਨੀਆਂ ਦੀ ਗੱਲ ਨਾਲ ਨਾਲ ਹੀ ਕਰ ਜਾਂਦਾ ਹੈ। 'ਉਹ ਗੱਡੀ ਕਿਥੇ ਖੜ੍ਹੀ ਹੈ' ਕਹਾਣੀ ਭ੍ਰਿਸ਼ਟਾਚਾਰ ਵਿੱਚ ਲਿਪਤ ਰਾਜਨੇਤਾਵਾਂ ਦੇ ਕਿਰਦਾਰ ਨੂੰ ਥੀਮ ਵਜੋਂ ਉਭਾਰਦੀ ਹੈ।ਦੇਸ਼ ਦਾ ਕਰੋੜਾਂ Wਪਿਆ ਹਜਮ ਕਰਕੇ ਵੱਡੇ ਵੱਡੇ ਘੋਟਾਲਿਆਂ ਦੇ ਦੋਸ਼ ਵਿੱਚ ਫੜੇ ਜਾਦੇਂ ਰਾਜਨੇਤਾ ਕੁਝ ਸਮੇਂ ਬਾਅਦ ਬੇਦਾਗ ਜੇਲਾਂ ਵਿੱਚੋਂ ਬਾਹਰ ਆਉਦੇ ਹਨ ਅਤੇ ਫੇਰ ਤੋਂ ਮੰਤਰੀ ਬਣਕੇ ਜਨਤਾ ਤੇ ਸ਼ਾਸ਼ਨ ਕਰਦੇ ਹਨ।ਜਿਹੜੇ ਮਹਿਕਮਿਆ ਦੀ ਸੇਵਾ ਕਰਨ ਦੀ ਸੰਵਿਧਾਨਕ ਕਸਮ ਉਨ੍ਹਾਂ ਨੇ ਖਾਧੀ ਹੁੰਦੀ ਹੈ ਉਸੇ ਮਹਿਕਮੇ ਨੂੰ ਕਰੋੜਾਂ ਦਾ ਚੂਨਾ ਲਾਉਦੇ ਹਨ। ਕਹਾਣੀ ਵਿਚਲਾ ਥੀਮ ਰੇਲ ਗੱਡੀ ਦੇ ਸੁਰੰਗ ਵਿੱਚ ਦਾਖਿਲ ਹੋਣ ਦੇ ਪ੍ਰਤੀਕ ਰਾਹੀਂ ਉਘਾੜਿਆ ਗਿਆ ਹੈ।" ਕਈ ਸਾਲ ਪਹਿਲਾ ਇੱਕ ਗੱਡੀ ਦੀਆਂ ਚੀਕਾਂ

ਸੁਣੀਆਂ ਸੀ ਕਿ ਕੋਈ ਵੱਡਾ ਆਦਮੀ ਖੇਡਾਂ ਦੇ ਪ੍ਰੋਗਰਾਮ ਵਿੱਚ 76 ਕਰੋੜ ਰੁਪਏ ਖਾ ਗਿਆ। ਸਾਰੀ ਚੀਕਾਂ ਰੌਲੀ ਪੈ ਗਈ। ਬੰਦਾ ਅੰਦਰ ਤੁੰਨ ਦਿੱਤਾ। ਹੋਰ ਕਈ ਮਹਾਨ ਵਿਅਕਤੀ ਵੀ ਉਸੇ ਗੱਡੀ ਚੜ੍ਹ ਗਏ। ਉਹ ਵੀ ਉਸੇ ਦੇ ਨਾਲ ਹੀ ਜੇਲ੍ਹ ਦੀ ਸ਼ਾਨ ਵਧਾਉਂਦੇ ਰਹੇ। ਪਰ ਆਹ ਕੁਝ ਦਿਨ ਪਹਿਲਾ ਉਹ ਗੱਡੀ ਰੰਗ ਬਰੰਗੀਆਂ ਝੰਡੀਆਂ ਅਤੇ ਫੁੱਲਾਂ ਦੇ ਹਾਰ ਪਾ ਕੇ ਨਾਤੀ ਧੋਤੀ ਸੁਰੰਗ ਵਿੱਚੋਂ ਬਾਹਰ ਆ ਗਈ ਹੈ ਬਿਨ੍ਹਾਂ ਕਿਸੇ ਕਾਲਖ ਦੇ ਦਾਗ ਦੇ। ਦੂਜੀ ਗੱਡੀ ਜੋ ਯੂ.ਪੀ. ਦੇ ਸ਼ਾਹੀ ਮਹਿਲਾਂ ਤੋਂ ਚੱਲੀ ਸੀ ਤਾਜ ਮਹਿਲ ਤੱਕ। ਉਸ ਵਿੱਚ ਬੈਠੇ ਕਈ ਸਵਾਰ ਉਸ ਹੇਠ ਦਰੜ ਕੇ ਮਾਰ ਦਿੱਤੇ ਗਏ ਅਤੇ ਉਸ ਉੱਪਰ ਵੀ ਇੱਕ ਸੌ ਪਛੱਤਰ ਕਰੋੜ ਦਾ ਸੋਨਾ ਲੱਦਿਆ ਹੋਇਆ ਸੀ। ਉਸ ਗੱਡੀ ਨੂੰ ਤਿੰਨ ਵਾਰ ਰੋਕਿਆ ਗਿਆ, ਘੋਖਿਆ ਗਿਆ ਅਤੇ ਹੁਣ ਪਿਛਲੇ ਦਿਨੀ ਉਹ ਗੱਡੀ ਹਾਥੀਆਂ ਦੇ ਜਲੂਸ ਨਾਲ ਸ਼ਾਨ ਸ਼ੌਕਤ ਨਾਲ ਸੁਰੰਗ ਵਿੱਚੋਂ ਕਲੀਨ ਬਾਹਰ ਆ ਗਈ ਹੈ। ਮੈਂ ਤਾਂ ਅੱਜ ਇਹੋ ਪੁੱਛਦਾ ਹਾਂ ਭਾਈ ਚੀਨੀ ਵਾਲੀਆਂ, ਯੂਰੀਏ ਵਾਲੀਆਂ, ਪਸ਼ੂ ਆਹਾਰ ਵਾਲੀਆਂ, ਇਹ ਸਾਰੀਆਂ ਝੰਡੀਆਂ ਟੰਗ ਕੇ ਬਾਹਰ ਆ ਰਹੀਆਂ ਹਨ ਉਹ ਵਿਚਾਰੇ ਬੰਬੇ ਦੇ ਫੋਜੀ ਮਕਾਨਾਂ ਵਾਲੀ ਗੱਡੀ ਕਿਹੜੀ ਸੁਰੰਗ ਵਿੱਚ ਫਸ ਗਈ ਉਸਨੂੰ ਬਾਹਰ ਕੱਢਕੇ ਮਾਰੋ ਸਲੂਟ।"[2] ਇਹ ਕਹਾਣੀ ਕੁਝ ਅਜਿਹੀਆਂ ਘਟਨਾਵਾਂ ਦਾ ਜਿਕਰ ਵੀ ਕਰਦੀ ਹੈ ਜਿਨ੍ਹਾਂ ਵਿੱਚ ਅਸਲਿਆਂ ਦੇ ਸਮੱਗਲਰ ਵੱਡੇ ਵੱਡੇ ਡੇਰਿਆਂ ਦੀ ਸ਼ਰਨ ਲੈ ਕੇ ਸਜਾ ਤੋਂ ਬਚ ਨਿਕਲਦੇ ਹਨ। ਅਸਲ ਵਿੱਚ ਲੇਖਕ ਨੇ ਇਸ ਕਹਾਣੀ ਵਿੱਚ ਸੱਚੀਆਂ ਘਟਨਾਵਾਂ ਨੂੰ ਆਪਣੀ ਕਲਾਤਮਕ ਪ੍ਰਤਿਭਾ ਦੀ ਚਾਸ਼ਨੀ ਵਿੱਚ ਡੁਬੋ ਕੇ ਅਜਿਹੇ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਪਾਠਕ ਇਕੋ ਸਾਹੇ ਸਾਰੀ ਕਹਾਣੀ ਪੜ੍ਹ ਜਾਂਦਾ ਹੈ ਅਤੇ ਘਟਨਾਵਾਂ ਦੇ ਨਾਲ ਨਾਲ ਤੁਰਦਾ ਰਹਿੰਦਾ ਹੈ।

'ਪੜ੍ਹਕੇ ਮੇਰੇ ਕੰਨ ਹੱਸਦੇ ਨੇ' ਕਹਾਣੀ ਵਿੱਚ ਲੇਖਕ ਨੇ ਇੱਕ ਅਰਥਸ਼ਾਸਤਰੀ ਵਾਂਗ ਦੇਸ਼ ਵਿੱਚ ਹੋਣ ਵਾਲੇ ਛੋਟੇ — ਵੱਡੇ ਘਪਲਿਆਂ ਅਤੇ ਨੇਤਾਵਾਂ ਦੀ ਨਾਮੀ—ਬੇਨਾਮੀ ਸੰਪਤੀ ਦੇ ਆਂਕੜੇ ਅਤੇ ਵੇਰਵੇ ਆਮ ਜਨਤਾ ਤੱਕ ਪਹੁੰਚਦੇ ਕੀਤੇ ਹਨ। ਕਹਾਣੀ ਵਿਅੰਗਤਮਕ ਲਹਿਜੇ ਜਾਂ ਸੁਰ ਵਾਲੀ ਹੈ। ਲੇਖਕ ਨੇ ਚਿੰਤਾ ਪ੍ਰਗਟਾਈ ਕਿ ਜੇਕਰ ਦੇਸ਼ ਦੇ ਰਖਵਾਲੇ ਹੀ ਦੇਸ਼ ਨੂੰ ਖਾਣ ਲੱਗ ਪੈਣ ਤਾਂ ਦੇਸ਼ ਦਾ ਭਵਿੱਖ ਉਜਲਾ ਕਿਵੇਂ ਹੋ ਸਕਦਾ ਹੈ? ਦੇਸ਼ ਵਿੱਚ ਨਿੱਤ ਨਵੇਂ ਗਬਨ ਸਾਹਮਣੇ ਆ ਰਹੇ ਹਨ, ਪਿਛਲੇ ਪਿੱਛੇ ਰਹਿ ਜਾਂਦੇ ਹਨ। ਦੇਸ਼ ਦਾ ਲੋਕਤੰਤਰ ਮਜਾਕ ਬਣਕੇ ਰਹਿ ਗਿਆ ਹੈ। "ਅੱਜ ਜਦੋਂ ਭਾਰਤ ਵਿੱਚ ਲੋਕਤੰਤਰ ਦਾ ਮਜਾਕ ਉਡਾਇਆ ਜਾ ਰਿਹਾ ਹੈ। ਸੰਸਦ ਵਿੱਚ ਕੋਈ ਕੰਮ ਨਹੀ ਹੋ ਰਿਹਾ। ਵਿਰੋਧੀ ਧਿਰ ਪ੍ਰਧਾਨ ਮੰਤਰੀ ਤੋਂ ਉਸ ਦੇ ਕੋਲਾ ਮੰਤਰੀ ਹੋਣ ਵੇਲੇ ਕੀਤੇ ਗਏ ਖਦਾਨਾ ਦੀ ਬਿਨ੍ਹਾਂ ਨਿਲਾਮੀ ਵੰਡ ਕੇ ਘਾਟੇ ਲਈ ਤਿਆਗ ਪੱਤਰ ਮੰਗ ਰਹੀ ਹੈ। ਸਰਕਾਰ ਸਪਸ਼ਟੀਕਰਨ ਦੇਣ ਦੀ ਗੱਲ ਕਹਿ ਰਹੀ ਹੈ। ਆਮ ਆਦਮੀ ਭੰਬਲ –ਭੂਸੇ ਵਿੱਚ ਪਿਆ ਦੇਖ ਰਿਹਾ ਹੈ ਕਿ ਇਹ ਕੀ ਹੋ ਰਿਹਾ ਹੈ ਦੇਸ਼ ਨੂੰ ਪਾਏ ਜਾ ਰਹੇ ਘਾਟਿਆਂ ਦੀਆਂ ਰਕਮਾਂ ਸੈਂਕੜੇ ਲੱਖਾਂ ਕਰੋੜਾਂ ਵਿੱਚ ਚਲੀਆਂ ਗਈਆਂ ਹਨ। ਹਰ ਰੋਜ਼ ਨਵੀ ਲੁੱਟ ਦੇ ਵੇਰਵੇ ਸਾਹਮਣੇ ਆ ਰਹੇ ਹਨ। ਹਵਾਈ ਜਹਾਜਾਂ ਅਤੇ ਹੋਰ ਛੋਟੇ ਗਬਨਾਂ ਦੀ ਗੱਲ ਲਾਭੇ ਰਹਿ ਗਈ ਹੈ। ਵੱਡੇ ਘੁਟਾਲੇ ਨੇ ਗਾਹ ਪਾ ਰੱਖਿਆ ਹੈ। ਉਸ ਵੇਲੇ ਬਦੇਸਾਂ ਵਿੱਚ ਪਏ ਕਾਲੇ ਧਨ ਅਤੇ ਲੋਕ ਪਾਲ ਵਰਗੇ ਮਾਮਲੇ ਪਿੱਛੇ ਪੈਂਦੇ ਜਾ ਰਹੇ ਹਨ।"[3]

'ਬਾਈ ਮਾਰ ਚਾਹੇ ਕੁੱਟ' ਕਹਾਣੀ ਪਿੱਛੇ ਜਿਹੇ ਹਰਿਆਣਾ ਵਿੱਚ ਵਾਪਰੀ ਇੱਕ ਸੱਚੀ ਘਟਨਾ ਤੇ ਆਧਾਰਿਤ ਹੈ ਜਿਸ ਵਿੱਚ ਇੱਕ ਰਾਜਨੇਤਾ ਨੇ ਹੁਸਨ ਦੇ ਮੱਕੜਜਾਲ ਵਿੱਚ ਫਸਕੇ, ਧਰਮ ਬਦਲਕੇ ਇੱਕ ਹਸੀਨਾਂ ਨਾਲ ਵਿਆਹ ਕਰਵਾ ਲਿਆ। ਗਲੈਮਰ, ਪੈਸਾ, ਰਾਜਨੀਤੀ ਅਤੇ ਕੇਵਲ ਸਰੀਰਕ ਖਿੱਚ ਵਾਲਾ ਇਹ ਤਥਾ—ਕਥਿਤ ਪਿਆਰ ਦਾ ਡਰਾਮਾ ਬਹੁਤਾ ਸਮਾਂ ਨਹੀਂ ਚੱਲਿਆ। ਦੋਨੋਂ ਅਲੱਗ ਹੋ ਗਏ। ਰਾਜਨੇਤਾ ਦਾ ਰਾਜਨੈਤਿਕ ਕੈਰੀਅਰ ਤਬਾਹ ਹੋ ਗਿਆ ਅਤੇ ਹਸੀਨਾ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ। "ਲੱਗ ਗਿਆ ਪਤਾ ਭਰਾਵਾਂ ਤੂੰ ਜਿਸ ਵਜ਼ੀਰ ਤੇ ਵਕੀਲ ਦੀ ਗੱਲ ਕਰਦੈਂ। ਜੇ ਕਹੇ ਤਾਂ ਅਗਲੀ ਗੱਲ ਸਾਰੀ ਮੈਂ ਸੁਣਾ ਦੇਵਾ ਕਿ ਉਹ ਵਜ਼ੀਰ ਘਰੋਂ ਘਾਟੋ ਖੋਇਆ ਗਿਆ। ਵਕੀਲ ਤਾਂ ਪਹਿਲਾ ਹੀ ਆਪਣੇ ਘਰ ਵਾਲੇ ਨਾਲੋ ਤਲਾਕ ਲਿਆ ਸੀ। ਫੇਰ ਦੋਵਾਂ ਨੇ ਨੰਗੇ ਚਿੱਟੇ ਹੋ ਕੇ ਧਰਮ ਬਦਲਕੇ ਵਿਆਹ ਵੀ ਕਰਵਾ ਲਿਆ ਸੀ। ਉਸ ਤੋਂ ਅਗਲੀ ਕਥਾ ਮੇਰੇ ਖਿਆਲ ਵਿੱਚ ਸਾਰੇ ਮਿੱਤਰਾਂ ਨੂੰ ਪਤੈ ਕਿ ਉਹ ਅੱਡੋ ਅੱਡੀ ਵੀ ਹੋ ਗਏ। ਕਚਹਿਰੀਆਂ ਵਿੱਚ Wਲਦੇ ਰਹੇ ਤੇ ਸਰਕਾਰ ਦਰਬਾਰੇ ਵੀ ਹੱਥ ਪੈਰ ਮਾਰਦੇ ਰਹੇ। ਆਖਰ ਫੇਰ ਅੱਡੋ ਅੱਡ ਹੋ ਗਏ। ਵਜੀਰ ਮੁੜ ਕੇ ਹੱਥ ਪੈਰ ਜੋੜਕੇ ਆਪਣੇ ਟੱਬਰ ਦੇ ਚਰਨੀ ਲੱਗ ਪਿਆ। ਉਹ ਵਕੀਲ ਕਦੇ ਫਿਲਮ ਲਾਇਨ ਵਿੱਚ ਜਾਣ ਦੀ ਗੱਲ ਕਰੇ ਕਦੇ ਹੋਰ ਪਾਪੜ ਵੇਲੇ ਪਰ ਕਾਮਯਾਬੀ ਕਿਸੇ ਪਾਸੇ ਨਹੀ ਹੋਈ।ਪਰ ਸੱਚ ਇਹੋ ਹੈ ਕਿ ਉਹ ਜਿਹੜੀ ਮੌਤ ਮਰੀ ਐ, ਉਹੋ ਜਿਹੀ ਮੌਤ ਰੱਬ ਕਿਸੇ ਦੁਸ਼ਮਣ ਨੂੰ ਵੀ ਨਾ ਦੇਵੇ। ਪਤਾ ਨਹੀ ਕਿਨੇ ਦਿਨਾਂ ਦੀ ਅੰਦਰ ਮਰੀ ਪਈ ਸੀ। ਜਦੋਂ ਚਾਰੇ ਪਾਸੇ ਬਦਬੂ ਫੈਲੀ ਤਾਂ ਲੋਕਾਂ ਦੀ ਸ਼ਿਕਾਇਤ ਤੇ ਆ ਕੇ ਪੁਲਿਸ ਨੇ ਲਾਸ਼ ਅੰਦਰੋ ਕੱਢੀ। ਸੜੀ ਹੋਈ

ਲਾਸ਼ ਤੋਂ ਮੌਤ ਦਾ ਕਾਰਨ ਵੀ ਪਤਾ ਨਹੀ ਲੱਗਦਾ। ਹੁਣ ਕਹਿੰਦੇ ਨੇ ਕਿ ਉਸ ਦੇ ਘਰੋਂ ਸ਼ਰਾਬ, ਗਲਾਸ ਅਤੇ ਨਾਲ ਹੀ ਚੂਹੇ ਮਾਰ ਗੋਲੀਆਂ ਹੋਣ ਦੀ ਰਿਪੋਰਟ ਮਿਲੀ ਹੈ। ਕਹਿ ਰਹੇ ਹਨ ਕਿ ਉਸ ਨੇ ਆਤਮ ਹੱਤਿਆ ਕਰ ਲਈ ਹੈ।"[4]

'ਆਹ ਲੈ ਫੜ ਸੋਟੀ' ਕਹਾਣੀ ਦੇਸ਼ ਵਿੱਚ ਭਾਸ਼ਾ, ਜਾਤ, ਧਰਮ, ਖਿੱਤੇ, ਪ੍ਰਾਂਤ ਆਦਿ ਦੀਆਂ ਵੰਡੀਆਂ ਦੇ ਕਾਰਨ ਫੈਲਦੀ ਸੰਪਰਦਾਇਕਤਾ ਦੀ ਬਾਤ ਪਾਉਦੀ ਹੈ ਅਤੇ ਇਸ ਦੇ ਸਿੱਟੇ ਵਜੋਂ ਬੰਦ, ਹੜਤਾਲ ਅਤੇ ਧਰਨਿਆਂ ਕਾਰਨ ਆਮ ਜਨ ਨੂੰ ਹੁੰਦੀ ਪ੍ਰੇਸ਼ਾਨੀ ਦਾ ਵਰਨਣ ਵੀ ਕੀਤਾ ਮਿਲਦਾ ਹੈ। ਕੁਝ ਵਰ੍ਹੇ ਪਹਿਲਾਂ ਮਹਾਂਰਾਸਟਰ ਦੇ ਇੱਕ ਨੇਤਾ ਨੇ ਕਿਹਾ ਕਿ ਮਹਾਂਰਾਸਟਰ ਵਿੱਚ ਮਰਾਠਿਆਂ ਤੋ ਇਲਾਵਾ ਹੋਰ ਕਿਸੇ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਦਾ ਨਤੀਜਾ ਕਈ ਦਿਨਾਂ ਤੱਕ ਦੇਸ਼ ਵਿਚਲੀ ਆਵਾਜਾਈ ਠੱਪ ਰਹਿਣ ਦਾ ਨਿਕਲਿਆ। ਦੇਸ਼ ਵਿੱਚ ਪਈਆਂ ਵੰਡੀਆਂ ਅਤੇ ਸੰਪਰਦਾਇਕਤਾ ਲਈ ਲੇਖਕ ਨੇ ਸਿੱਧੇ ਤੌਰ ਤੇ ਸਰਕਾਰ ਨੂੰ ਦੋਸ਼ੀ ਮੰਨਿਆ ਹੈ। "ਇਹ ਦੇਸ਼ ਕੀ ਸਾਰਾ ਖੱਖੜੀਆਂ ਕਰੇਲੇ। ਇੱਕ ਥਾਂ ਦੇ ਲੋਕ ਦੂਜੀਆਂ ਨੂੰ ਫੁੱਟੀ ਅੱਖ ਚੰਗੇ ਨਹੀਂ ਲੱਗਦੇ। ਸਾਡੀ ਸਰਕਾਰ ਹੈ ਬਾਂਦਰਾਂ ਅਤੇ ਰੋਟੀਆਂ ਵੰਡਣ ਵਾਲਾ ਕੰਮ ਕਰਦੀ ਐਂ। ਕਦੇ ਕਿਸੇ ਬਿੱਲੀ ਦੀ ਬੁਰਕੀ ਖੋ ਲੈਂਦੀਂ ਹੈ ਕਦੇ ਦੂਜੀ ਤੇ ਝਪਟ ਮਾਰ ਦਿੰਦੀ ਹੈ।"[5] ਅੱਗੇ ਚੱਲਕੇ ਲੇਖਕ ਨੇ ਦੇਸ਼ ਵਿੱਚ ਪਈਆ ਵੰਡੀਆਂ ਦੀ ਤੁਲਨਾ ਸਰਕਸ ਦੇ ਸ਼ੇਰ ਨਾਲ ਕੀਤੀ ਹੈ। "ਇਹ ਤਾਂ ਦੇਸ਼ ਹੀ ਬਾਈ ਜੀ ਸਰਕਸ ਦੇ ਜੋਕਰ ਦਾ ਘੋੜਾ ਐ। ਇਹ ਤਾਂ ਕੰਨ, ਨੱਕ, ਮੂੰਹ, ਪੂੰਛ ਅਤੇ ਲੱਤਾਂ ਵਿੱਚ ਵੱਡਿਆ ਹੋਇਆ ਹੈ। ਘੋੜਾ ਤਾਂ ਕਿਤੇ ਹੈ ਹੀ ਨਹੀਂ। ਅੰਨ੍ਹੀ ਪੀਸੀਂ ਜਾਦੀ ਐ ਤੇ ਕੁੱਤੇ ਚੱਟੀ ਜਾਂਦੇ ਨੇ।"[6]

ਲੇਖਕ ਅਨੁਸਾਰ ਅਸੀਂ ਹਮੇਸ਼ਾ ਦੂਸਰਿਆਂ ਵਿੱਚ ਨੁਕਸ ਕੱਢਣ ਦੇ ਆਦੀ ਹੋ ਗਏ ਹਨ। ਜਦੋਂ ਬੰਦ ਅਤੇ ਹੜਤਾਲ ਕਰਕੇ ਬਿਪਤਾ ਆਪਣੇ ਸਿਰ ਪੈਦੀਂ ਹੈ ਤਾਂ ਅਸੀਂ ਝਟਪਟਾਉਦੇਂ ਹਾਂ। ਜਦ ਆਪਣੇ ਕੋਈ ਅਜਿਹਾ ਕੰਮ ਕਰਦੇ ਹਨ ਤਾਂ ਅਸੀਂ ਦੂਜੀਆਂ ਨੂੰ ਪੇਸ਼ ਆਉਣ ਵਾਲੀ ਪ੍ਰੇਸ਼ਾਨੀ ਦੀ ਪ੍ਰਵਾਹ ਨਹੀਂ ਕਰਦੇ। ਕਹਾਣੀ ਦੇ ਨਾਇਕ ਦਾ ਪੋਤਾ ਪੇਪਰ ਦੇਣ ਲਈ ਬੰਬਈ ਗਿਆ ਹੋਇਆ ਹੈ। ਉੱਥੇ ਹੜਤਾਲ ਕਰਕੇ ਉਹ ਫਸ ਜਾਦਾਂ ਹੈ। ਇਸ ਫਿਕਰ ਵਿੱਚ ਉਹ ਹੜਤਾਲੀ ਲੋਕਾਂ ਨੂੰ ਕੋਸਦਾ ਹੈ ਦੂਜੇ ਪਾਸੇ ਉਸ ਦੇ ਹੀ ਪਿੰਡ ਦੇ ਲੋਕ ਅਗਲੇ ਹਫਤੇ ਹੋਣ ਵਾਲੀ ਹੜਤਾਲ ਦੀ ਤਿਆਰੀ ਕਰ ਰਹੇ ਹਨ ਜਿਸ ਦੀ ਉਸਨੂੰ ਕੋਈ ਚਿੰਤਾ ਨਹੀਂ। ਕੋਈ ਆਪਣੀ ਪੀੜ੍ਹੀ ਥੱਲੇ ਸੋਟਾ ਨਹੀਂ ਫੇਰਦਾ। ਲੇਖਕ ਨੇ ਅਜਿਹੇ ਲੋਕਾਂ ਨੂੰ ਵੰਗਾਰਦੇ ਲਿਖਿਆ ਹੈ। "ਤੂੰ ਆਪਣੇ ਪੋਤੇ ਦੀ ਤਾਂ ਫਿਕਰ ਕਰਦੈ ਪਰ ਜਿਹੜੇ ਪਰਸੋਂ ਦੇ ਖੂੰਡ ਵੱਢੀ ਬੈਠੇ ਨੇ ਕਿ ਅਗਲੇ ਹਫਤੇ ਹੋਣ ਵਾਲੀ ਹੜਤਾਲ ਵਿੱਚ ਸਾਰੀਆਂ ਰੇਲਾਂ ਅਤੇ ਸੜਕਾਂ ਦੇ ਰਾਹੀਂ ਤੇ ਸਿੱਟ ਕੇ ਸਾਰੀ ਆਵਾਜਾਈ ਠੱਪ ਕਰ ਦੇਣੀ ਐ। ਉਹਨਾਂ ਨੂੰ ਕਿਉਂ ਨਹੀ ਸਮਝਾਉਂਦਾ ਜੇ ਹੈ ਹੌਂਸਲਾ ਤਾਂ ਆਹ ਫੜ ਸੋਟੀ ਪਹਿਲਾ ਫੇਰ ਆਪਣੇ ਮੰਜੇ ਹੇਠ ਤੇ ਫੇਰ ਚੱਲ ਮੇਰੇ ਨਾਲ ਦਰਵਾਜੇ ਬੈਠੇ ਵੱਡੇ ਧਰਮ ਦੇ ਠੇਕੇਦਾਰਾਂ ਨਾਲ ਦੋ ਦੋ ਹੱਥ ਕਰੀਏ। ਜੇ ਇੱਥੇ ਰਸਤੇ ਖੁਲ੍ਹੇ ਰਹਿਣਗੇ ਤਾਂ ਹੀ ਮਨਮਾੜ ਤੋਂ ਪੂਨੇ ਵਾਲੀ ਗੱਡੀ ਚੱਲੇਗੀ।"[7]

'ਕੌਣ ਕਹੇ ਰਾਣੀ ਅੱਗਾ ਢੱਕ' ਕਹਾਣੀ ਰਾਜਨੇਤਾਵਾਂ ਦੀ ਬੇਈਮਾਨੀ ਦੇ ਪਾਜ਼ ਉਘਾੜਦੀ ਹੋਈ ਸਿਆਸੀ ਪਾਰਟੀਆਂ ਦੁਆਰਾ ਇਕੱਠੇ ਕੀਤੇ ਜਾਦੇਂ ਪਾਰਟੀ ਫੰਡਾਂ ਦੀ ਆੜ ਵਿੱਚ ਕਾਲੇ ਧਨ ਨੂੰ ਚਿੱਟੇ ਵਿੱਚ ਬਦਲਣ ਦੀ ਸਾਜਿਸ਼ ਨੂੰ ਨੰਗਾ ਕਰਦੀ ਹੈ। ਪਾਰਟੀ ਫੰਡ ਲੈਣ ਦੇ ਕੋਈ ਕਾਨੂੰਨ ਨਹੀਂ, ਇਸ ਉੱਪਰ ਕੋਈ ਟੈਕਸ ਨਹੀਂ। ਜਦ ਕਿ ਆਮ ਆਦਮੀ ਦੀ ਘੱਟ ਤੋ ਘੱਟ ਆਮਦਨ ਤੇ ਵੀ ਟੈਕਸ ਲਿਆ ਜਾਦਾਂ ਹੈ। "ਐਂ ਦੱਸ! ਕਾਮਰੇਡ, ਵੀ ਆਹ ਜਿਹੜੇ ਚਿਟ-ਕਪੜੀਏ ਰੋਜ ਲੋਕਾਂ ਨੂੰ ਇਮਾਨਦਾਰੀ ਦੇ ਪਾਠ ਪੜ੍ਹਾਉਂਦੇ ਫਿਰਦੇ ਰਹਿੰਦੇ ਨੇ। ਇੱਕ-ਦੂਜੇ ਤੇ ਚਿੱਕੜ ਸੁਟਦੇ ਰਹਿੰਦੇ ਨੇ, ਸਾਡਾ ਆਮ ਲੋਕਾਂ ਨੂੰ ਬੁੱਧੂ ਬਣਾਉਂਦੇ ਨੇ, ਕੀ ਇਨ੍ਹਾਂ ਦੀਆਂ ਸਿਆਸੀ ਪਾਰਟੀਆਂ ਧਨ ਕਿਸੇ ਕਾਨੂੰਨ ਅਧੀਨ ਲੈਂਦੀਆਂ ਨੇ, ਜੇ ਕਿਸੇ ਆਦਮੀ ਦੀ ਸਾਲ ਦੀ ਆਮਦਨ ਪੰਜ ਲੱਖ ਤੋਂ ਵੱਧ ਹੋਵੇ ਤਾਂ ਸਰਕਾਰ ਉਸ ਤੋਂ ਟੈਕਸ ਲੈਂਦੀ ਐ। ਫਿਰ ਇਹਨਾਂ ਉੱਪਰ ਟੈਕਸ ਕਿਉਂ ਨਹੀਂ "[8] ਲੇਖਕ ਅਨੁਸਾਰ ਹਮਾਮ ਵਿੱਚ ਸਾਰੇ ਹੀ ਨੰਗੇ ਹਨ ਜੇਕਰ ਪਾਰਟੀ ਫੰਡਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਦਾਂ ਗਿਆ ਜਾਂ ਇਸ ਤੇ ਟੈਕਸ ਲਾਇਆ ਗਿਆ ਤਾਂ ਸਾਰੇ ਭ੍ਰਿਸ਼ਟ ਨੇਤਾ ਇਸ ਸਿਕੰਜੇ ਵਿੱਚ ਫਸਣਗੇ। "ਸੋ ਕਾਮਰੇਡ ਇਹ ਸਿਆਸੀ ਫੰਡ ਤਾਂ ਕਾਲੇ ਨੂੰ ਚਿੱਟਾ ਕਰਨ ਅਤੇ ਚੋਰ ਮੋਰੀਆਂ ਦੀ ਮਾਇਆ ਹੈ। ਕਾਨੂੰਨ ਵਿੱਚ ਇਸ ਤੇ ਟੈਕਸ ਲਾਉਣ ਲਈ ਸੰਵਿਧਾਨ ਵਿੱਚ ਸੋਧ ਕਰਨੀ ਪਊ। ਉਹ ਕੋਈ ਕਿਉਂ ਕਰੇ ਕਿਸੇ ਕੋਲ ਥੋੜਾ ਕਿਸੇ ਕੋਲ ਜਿਆਦਾ ਸਭ ਨੂੰ ਗੱਫਾ ਮਿਲਦਾ ਰਹਿੰਦਾ। ਇਹ ਕਾਲੇ ਕੰਮਾਂ ਵਿੱਚੋਂ ਜਮ੍ਹਦਾ ਹੈ, ਕਾਲਖ ਦੀ ਜੂਨ ਭੋਗਦਾ ਹੈ, ਕਾਲਖ ਦੇ ਮਾਰਗ ਕਾਲਖ ਵਿੱਚ ਹੀ ਸਮਾਂ ਜਾਂਦਾ ਹੈ। ਚੋਰਾਂ ਦੇ ਕੱਪੜੇ ਤੇ ਡਾਂਗਾਂ ਦੇ ਗਜ।"[9] ਪਾਰਟੀ ਫੰਡ ਦੇ ਨਾਂ ਤੇ ਰਿਸ਼ਵਤ ਲੈ ਕੇ ਲੋਕਾਂ ਦੇ ਕੰਮ ਕਰਵਾਉਂਦਾ ਕਿਸੇ ਨੂੰ ਨੌਕਰੀ ਲਗਵਾਉਣਾ ਸਾਡੇ ਦੇਸ਼ ਦਾ ਆਮ ਪ੍ਰਚਲਣ ਹੈ। ਅਜਿਹੇ ਪੇਸ਼ੇ ਨਾਲ ਜੁੜੇ ਲੋਕ ਸੱਤਾ ਬਦਲਣ ਦੀ ਪ੍ਰਵਾਹ ਨਹੀਂ ਕਰਦੇ।ਸਾਰੀਆਂ ਰਾਜਨੀਤਕ ਪਾਰਟੀਆਂ ਦੇ ਸਤਾਧਾਰੀ ਲੋਕ ਉਹਨਾਂ ਦੀ ਮੁੱਠੀ ਵਿੱਚ ਹੁੰਦੇ ਹਨ। ਲੇਖਕ

ਨੇ ਇੱਕ ਅਜਿਹੀ ਸਥਿਤੀ ਪੈਦਾ ਕੀਤੀ ਹੈ ਜਿਸ ਵਿੱਚ ਇੱਕ ਪੜ੍ਹੇ ਲਿਖੇ ਮੁੰਡੇ ਸਾਰੇ ਟੈਸਟ ਪਾਸ ਹੋ ਜਾਂਦੇ ਹਨ।ਪ੍ਰੰਤੂ ਇੰਟਰਵਿਊ ਸਮੇਂ ਚੋਣਾਂ ਆ ਜਾਂਦੀਆਂ ਹਨ। ਉਸਦਾ ਇੱਕ ਰਿਸ਼ਤੇਦਾਰ ਮੁੰਡੇ ਨੇ ਕਿਸੇ ਆਦਮੀ ਕੋਲ ਲਿਜਾਂਦਾ ਹੈ ਅਤੇ ਇੰਟਰਵਿਊ ਪਾਸ ਕਰਾਉਣ ਲਈ ਪਾਰਟੀ ਫੰਡ ਦੇਣਾ ਚਾਹੁੰਦਾ ਹੈ ਪ੍ਰੰਤੂ ਮੁੰਡਾ ਸਮਝ ਨਹੀਂ ਪਾਉਂਦਾ ਹੈ ਕਿ ਪਾਰਟੀ ਫੰਡ ਕਿਉਂ ਤੇ ਕਿਸਨੂੰ ਦਿੱਤਾ ਜਾਵੇ ਕਿਉਂਕਿ ਸਰਕਾਰ ਪਤਾ ਨਹੀਂ ਕਿਸ ਦੀ ਆਉ। ਉਹ ਵਿਅਕਤੀ ਉਸਦੇ ਸ਼ੰਕੇ ਦਾ ਨਿਵਾਰਣ ਕਰਦਾ ਕਹਿੰਦਾ ਹੈ।"ਗਭਰੂਆ ਤੈਸ਼ ਵਿੱਚ ਨਾ ਆ। ਆਪਾਂ ਸਾਰੀਆਂ ਪਾਰਟੀਆਂ ਨੂੰ ਬੁਰਕੀ ਪਾਉਦੇ ਹਾਂ। ਜਿਹੜਾ ਮਰਜੀ ਆ ਜੇ ਆਪਣਾ ਪਾਰਟੀ ਫੰਡ ਐਵੇਂ ਨਹੀ ਮਰਦਾ। ਸੋ ਗੱਲ ਸਾਫ਼ ਹੈ ਹੈ ਬਾਈ ਜੀ ਕਿ ਇਹ ਕਿਸੇ ਨਾ ਕਿਸੇ ਦੀ ਨਹੀਂ ਸਾਰਿਆਂ ਦੀ ਬਾਂਹ ਫੜਕੇ ਰੱਖਦੇ ਨੇ। ਫਿਰ ਨੋਟ ਗਿਣਕੇ ਨਹੀਂ ਤੋਲ ਕੇ ਚੱਲਦੇ ਨੇ।'[10]

ਸਾਡੇ ਦੇਸ਼ ਵਿੱਚ ਆਮ ਆਦਮੀ ਨੂੰ ਆਪਣਾ ਕੋਈ ਹੱਕ ਲੈਣ ਲਈ ਦਫਤਰਾਂ ਵਿੱਚ ਕਿੰਨਾ ਖੱਜਲ ਖੁਆਰ ਹੋਣਾ ਪੈਦਾ ਹੈ, ਇਹ ਸਮੱਸਿਆ ਵੀ ਇੱਕ ਕਹਾਣੀ ਵਿੱਚ ਥੀਮ ਵਜੋਂ ਪੇਸ਼ ਕੀਤੀ ਗਈ ਹੈ। ਕਈ ਵਾਰ ਤਾਂ ਅਦਾਲਤਾਂ ਵਿੱਚ ਠੋਕਰਾਂ ਖਾਣੀਆਂ ਪੈਦੀਆ ਹਨ। ਇੱਕ ਕਾਲਪਨਿਕ ਘਟਨਾ ਰਾਹੀਂ ਲੇਖਕ ਨੇ ਅਜਿਹੀ ਸਥਿਤੀ ਦਾ ਯਥਾਰਥ ਵਰਨਣ ਕੀਤਾ ਹੈ।"ਮੈਨੂੰ ਯਾਦ ਹੈ ਜਦੋਂ ਸਾਡਾ ਬਾਪੂ ਪੂਰਾ ਹੋਇਆ ਸੀ। ਉਸ ਤੋਂ ਪਹਿਲਾਂ ਉਸਦੀ ਪੈਨਸ਼ਨ ਆਪਣੇ ਬੈਂਕ ਵਿੱਚ ਜਮਾਂ ਹੁੰਦੀ ਸੀ। ਬਾਪੂ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਚੜ੍ਹਾਈ ਕਰ ਗਿਆ। ਉਹ ਪੈਨਸ਼ਨ ਲੈਣ ਵੀ ਸਾਲ ਛਮਾਹੀ ਹੀ ਜਾਂਦਾ ਸੀ। ਨਾ ਘਰ ਕੋਈ ਬਹੁਤੀ ਲੋੜ ਹੁੰਦੀ ਸੀ ਅਤੇ ਨਾ ਹੀ ਉਹ ਕਿਸੇ ਗੱਲੋਂ ਤੰਗ ਸੀ। ਅਸੀਂ ਜਦੋਂ ਉਹੋ ਪੈਸੇ ਬੈਂਕ ਵਿੱਚ ਲੈਣੇ ਚਾਹੇ ਤਾਂ ਪਤਾ ਨਹੀਂ ਕਿਥੇ—ਕਿਥੇ ਧੱਕੇ ਖਾਧੇ। ਪਹਿਲਾਂ ਅਦਾਲਤ ਵਿੱਚ ਤਿੰਨਾਂ ਭਾਈਆਂ ਨੇ ਮੁਕੱਦਮਾ ਪਾਇਆ। ਤੂੰ ਤਾਂ ਆਪ ਵਕੀਲ ਸੀ ਇਕ ਕੇਸ ਵਿੱਚ। ਉੱਥੋ ਧੱਕੇ ਦਿੱਤੇ ਕਿ ਇਨਕਮ ਟੈਕਸ ਮਹਿਕਮੇ ਤੋਂ ਸਰਟੀਫਿਕੇਟ ਲੈ ਕੇ ਆਵੋ। ਫੇਰ ਅਦਾਲਤ ਵਿੱਚ ਭੈਣਾਂ, ਦੋਹਤੀਆਂ, ਦੋਹਤੇ, ਪੋਤੇ, ਪੋਤਰੀਆਂ ਸਭ ਨੂੰ ਇਕੱਠੇ ਕਰ ਲਿਆ। ਲੈਣੇ ਸੀ ਇੱਕ ਲੱਖ ਛਿਆਸੀ ਹਜਾਰ ਸੱਤ ਸੌ। ਇਹ ਕਾਨੂੰਨ ਕੀ ਐ ਜੋ ਆਮ ਜਨਤਾ ਲਈ ਹੋਰ ਹੈ ਤੇ ਸਿਆਸੀ ਪਾਰਟੀਆਂ ਲਈ ਹੋਰ ਹੈ।"[11]

'ਬੰਦੇ ਦਾ ਪੁੱਤ' ਕਹਾਣੀ ਜਿੱਥੇ ਨਿੱਤ–ਪ੍ਰਤੀ ਦਿਨ ਖੁੰਬਾਂ ਵਾਂਗ ਉਗਦੇ ਡੇਰਿਆ ਅਤੇ ਉਨ੍ਹਾਂ ਦੇ ਗੱਦੀਦਾਰਾ ਵੱਲੋਂ ਕੀਤੀ ਜਾਦੀ ਰਾਜਨੀਤੀ ਦੀ ਬਾਤ ਪਾਉਂਦੀ ਹੈ ਉਥੇ ਆਮ ਵੋਟਰ ਤੇ ਵੀ ਵਿਅੰਗ ਕਰਦੀ ਹੈ ਕਿ ਵੋਟਰ ਕਿਹੋ ਜਿਹਾ ਉਮੀਦਵਾਰ ਚਾਹੁੰਦੇ ਹਨ। ਰਾਜਨੇਤਾ ਇਹਨਾਂ ਡੇਰਿਆਂ ਦੇ ਆਗੂਆਂ ਤੋਂ ਭੋਲੇ ਭਾਲੇ ਭਗਤਾਂ ਨੂੰ ਇਸ਼ਾਰਾ ਕਰਵਾਉਦੇ ਹਨ ਕਿ ਵੋਟ ਕਿਸ ਪਾਰਟੀ ਦੇ ਉਮੀਦਵਾਰ ਨੂ ਪਾਉਣੀ ਹੈ। ਇਸ ਕੰਮ ਲਈ ਮੋਟੇ ਸੌਦੇ ਜਾਂ ਸਮਝੌਤੇ ਕੀਤੇ ਜਾਦੇ ਹਨ।ਆਮ ਭਗਤ ਵੋਟਰ ਉਮੀਦਵਾਰ ਦੇ ਚੰਗੇ ਮਾੜੇ ਹੋਣ ਦੀ ਪ੍ਰਵਾਹ ਨਹੀਂ ਬਸ ਅੰਧਵਿਸ਼ਵਾਸ਼ ਵਿੱਚ ਫਸੇ ਬਾਬਿਆਂ ਦੇ ਆਦੇਸ਼ਾ ਦਾ ਪਾਲਣ ਕਰਦੇ ਹਨ। "ਬਾਬਿਆਂ ਦੀਆਂ ਦੁਕਾਨਾਂ ਹੀ ਵੋਟਾਂ ਦੀ ਆੜ੍ਹਤ ਦਾ ਧੰਦਾ ਕਰਦੀਆਂ ਨੇ। ਇੱਥੇ ਵੋਟ ਦੇਣ ਅਤੇ ਲੈਣ ਵਾਲੇ ਦੋਵਾਂ ਕਿਸਮਾਂ ਦੇ ਪੱਕੇ ਗ੍ਰਾਹਕ ਲੱਗੇ ਹੋਏ ਨੇ। ਇਨ੍ਹਾਂ ਦੁਕਾਨਾਂ ਤੇ ਜਿਹੜੇ ਸੱਚੇ—ਸੁੱਚੇ ਵਪਾਰ ਹੁੰਦੇ ਨੇ ਉਨ੍ਹਾਂ ਦਾ ਭੇਦ ਆਮ ਆਦਮੀ ਨਾਲੋ ਵੱਧ ਚੋਰਾਂ ਨੂੰ ਹੁੰਦੈ। ਉਹ ਚੋਰ ਕਿਸੇ ਚੋਰ ਮੋਰੀ ਰਾਹੀ ਇਨ੍ਹਾਂ ਆੜ੍ਹਤ ਦੀਆਂ ਦੁਕਾਨਾਂ ਤੇ ਧੂਪ–ਬੱਤੀ ਕਰਕੇ ਆਸ਼ੀਰਵਾਦ ਲੈ ਲੈਂਦੇ ਹਨ। ਇਸ ਲਈ ਭਾਵੇਂ ਚਰਨ ਚੁੰਮਣ ਜਾਂ ਅੱਖਾਂ ਚੁੰਬਲਣ। ਫੇਰ ਸਾਨੂੰ ਤਾਂ ਮਹਾਰਾਜ ਦਾ ਇਲਾਹੀ ਆਦੇਸ਼ ਚਾਹੀਦੈ ਅਸੀ ਚੰਗੇ—ਮਾੜੇ, ਸੱਚੇ—ਸੁੱਚੇ ਜਾਂ ਲੁੱਚੇ ਦੀ ਪਰਖ ਵਿੱਚ ਕਿਉਂ ਸਿਰ ਥਪਾਈਏ।"[12]

'ਹਨੇਰਾ ਹੀ ਹਨੇਰਾ' ਕਹਾਣੀ ਦੇਸ਼ ਵਿੱਚ ਬਿਜਲੀ ਦੀ ਸਮੱਸਿਆ ਉੱਪਰ ਝਾਤ ਪਵਾਉਂਦੀ ਹੋਈ ਦੇਸ਼ ਵਿੱਚ ਹੋਏ ਕੋਇਲਾ ਘੋਟਾਲੇ ਦਾ ਪਰਦਾਫਾਸ਼ ਕਰਦੀ ਹੈ। ਸਮੇਂ ਦੀ ਸਰਕਾਰ ਅਤੇ ਅਧਿਕਾਰੀਆਂ ਨੇ ਕੋਇਲੇ ਦੀਆਂ ਖਾਨਾਂ ਦੀ ਨੀਲਾਮੀ ਦੀ ਫਾਇਲ ਸਿਰੇ ਲੱਗਣ ਤੋਂ ਪਹਿਲਾਂ ਹੀ ਬਿਨਾਂ ਬੋਲੀ ਇਹਨਾਂ ਦੀ ਬਾਂਦਰ ਵੰਡ ਕਰ ਲਈ। "ਇਸ ਦੌਰਾਨ ਉਹ ਲੋਕ ਜੋ ਸਰਕਾਰ ਰਾਹੀਂ ਲੋਕਾਂ ਨੂੰ ਚਿੰਬੜੀਆਂ ਜੋਕਾਂ ਹਨ। ਇਸ ਗੱਲ ਲਈ ਸੁਚੇਤ ਹੋ ਗਈਆਂ ਕਿ ਇਹ ਮੋਟਾ ਮਾਲ ਤਾਂ ਉਹਨਾਂ ਦੇ ਹੱਥੋਂ ਕਿਸੇ ਵੇਲੇ ਵੀ ਨਿਕਲ ਸਕਦਾ ਹੈ। ਫੇਰ ਤਾਂ ਬਾਈ ਜੀ ਉਹ ਸਾਰੇ ਹੋ ਗਏ ਚੁਕੰਨੇ ਅਤੇ ਲਾਹ ਦਿੱਤੇ ਆਹੂ। ਜਿਸਨੂੰ ਹੱਥ ਲਗਿਆ, ਉਸਨੇ ਜਿੱਥੇ ਹੱਥ ਪਿਆ ਉਸੇ ਤੋਂ ਸ਼ਿਫਾਰਸ਼ ਕਰਵਾਈ ਅਤੇ ਰੰਗ ਲਏ ਕਾਲਖ ਨਾਲ ਹੱਥ। ਅਰਬਾਂ—ਖਰਬਾਂ Wਪਏ ਦੀਆਂ ਖਦਾਨਾਂ ਬਿਨਾਂ ਨਿਲਾਮੀ ਆਪਣੇ ਨਾਂ ਕਰਵਾ ਲਈਆਂ। ਕਈਆਂ ਮੰਤਰੀਆਂ ਨੇ ਤਾਂ ਆਪਣੇ ਰਿਸ਼ਤੇਦਾਰ ਨਿਹਾਲ ਕਰ ਦਿੱਤੇ। ਕਈ ਹੋਰ ਹੁਣ ਕਿਸੇ ਦਾ ਨਾਂ ਕਿਉਂ ਲਾਂ ਆਪਣੇ ਨਾਂ ਤਿੰਨ ਤਿੰਨ ਖਦਾਨਾਂ ਵੀ ਲੈ ਗਏ। ਉਨ੍ਹਾਂ ਵੱਡੇ ਲੋਕਾਂ ਨੇ ਇਹਨਾਂ ਖਦਾਨਾਂ ਦੇ ਨਾਂ ਤੇ ਸਾਰੀ ਦੁਨੀਆਂ ਵਿੱਚੋਂ ਧਨ ਪ੍ਰਾਪਤ ਕਰ ਲਿਆ। ਭਾਵੇਂ ਆਪ ਕੋਲਾ ਕੱਢਣ ਦਾ ਕੰਮ ਵੀ

ਆਰੰਭ ਨਹੀਂ ਕੀਤਾ। ਕਈਆਂ ਨੇ ਆਪਣੇ ਹਿੱਸੇ ਲੱਖਾਂ ਖਰਚ ਕੇ ਕਰੋੜਾਂ ਵਿੱਚ ਵੇਚ ਦਿੱਤੇ। ਕਈ ਇਸ ਗੱਲ ਤੋਂ ਜਾਣੂ ਸਨ ਕਿ ਕਿਸੇ ਵੇਲੇ ਵੀ ਇਸ ਗੱਲ ਦਾ ਰੌਲਾ ਜਰੂਰ ਪਵੇਗਾ। ਇਸ ਲਈ ਉਨ੍ਹਾਂ ਨੇ ਆਪਣੇ ਨਾਂ ਵਿੱਚੋਂ ਕੱਢ ਲਏ ਤੇ ਆਪਣੇ ਭਾਈ ਭਤੀਜੇ ਉੱਥੇ ਬਿਠਾ ਦਿੱਤੇ।"[13]

ਇਸ ਕਹਾਣੀ ਸੰਗ੍ਰਿਹ ਦੀਆਂ ਤਿੰਨ ਕਹਾਣੀਆਂ 'ਫੁੱਲਾਂ ਦੀ ਖੇਤੀ' 'ਬਾਲ ਮਜਦੂਰੀ ਬੰਦ ਹੈ', ਤੇ 'ਗੋਲੂ ਗੋਪੂ' ਵਿੱਚ ਬਾਲ ਮਜਦੂਰੀ ਵਿਰੋਧੀ ਕਾਨੂੰਨ ਦੇ ਸਮਾਜ ਉੱਤੇ ਪੈਂਦੇ ਪ੍ਰਭਾਵਾਂ ਬਾਰੇ ਦੱਸਿਆ ਹੈ। ਲੇਖਕ ਨੇ ਪਹਿਲੀ ਕਹਾਣੀ ਦਾ ਥੀਮ ਸਿੱਖਿਆ ਦਾਇਕ ਰੱਖਿਆ ਹੈ ਜਿਸ ਰਾਹੀਂ ਸੁਨੇਹਾ ਮਿਲਦਾ ਹੈ ਕਿ ਅਸਲ ਵਿੱਚ ਸਮਾਜ ਦੇ ਸਹਿਯੋਗ ਨਾਲ ਹੀ ਬਾਲ ਮਜਦੂਰੀ ਵਰਗੀ ਬੁਰਾਈ ਦਾ ਅੰਤ ਹੋ ਸਕਦਾ ਹੈ। ਦੂਜੀ ਕਹਾਣੀ ਕਾਨੂੰਨ ਦੀ ਪਾਲਣਾ ਕਰਾਉਣ ਵਾਲੇ ਭ੍ਰਿਸ਼ਟ ਅਫਸਰਾਂ ਦੇ ਕਿਰਦਾਰ ਨੂੰ ਨੰਗਾ ਕਰਦੀ ਹੈ। ਕਹਾਣੀ ਵਿੱਚ ਰਘੂ ਅਤੇ ਮਿਸਤਰੀ ਦੀ ਗੱਲਬਾਤ ਇਸ ਤੱਥ ਦੀ ਪੁਸ਼ਟੀ ਕਰਦੀ ਹੈ। "ਸੋਮਵਾਰ ਦੀ ਦਿਹਾੜੀ ਭੰਨ ਦੇ ਮਿਸਤਰੀ ਅਤੇ ਰਘੂ ਦੋਵੇਂ ਉਸ ਦਫਤਰ ਗਏ। ਸਾਹਿਬ ਨੂੰ ਮਿਲੇ ਅਤੇ ਮੁੜਦੇ ਹੋਏ ਕਹਿ ਰਹੇ ਸਨ, "ਚਲ ਲੱਡੂ ਲਈ ਕੋਈ ਹੋਰ ਕੰਮ ਵੇਖ ਲਵਾਂਗੇ। ਭਲਾ ਹੋਵੇ ਇਸ ਅਫ਼ਸਰ ਦਾ ਸਸਤੇ ਵਿੱਚ ਮੰਨ ਗਿਆ। ਜੇ ਵੱਡਾ ਮੂੰਹ ਟੱਡ ਲੈਂਦਾਂ ਤਾਂ ਵੀ ਤਾਂ ਹੀ ਜੇਲ ਜਾਣ ਨਾਲੋਂ ਤਾਂ ਉਹੋ ਭਰਨਾ ਪੈਦਾ।"[14] ਅਗਲੀ ਕਹਾਣੀ ਮਜਬੂਰੀ ਵੱਸ ਬਾਲ ਅਵੱਸਥਾ ਵਿੱਚ ਮਜਦੂਰੀ ਕਰਦੇ ਇੱਕ ਬੱਚੇ ਦੀ ਕਥਾ ਹੈ, ਜਿਸ ਨੂੰ ਪਿਤਾ ਦੀ ਮੌਤ ਤੋਂ ਬਾਦ ਘਰ ਚਲਾਉਣ ਲਈ ਟਾਇਰਾਂ ਨੂੰ ਪੰਕਚਰ ਲਾਉਣ ਲਈ ਮਜਬੂਰ ਹੋਣਾ ਪੈਦਾਂ ਹੈ ਪ੍ਰੰਤੂ ਅਜਿਹੀ ਸਥਿਤੀ ਵਿੱਚ ਵੀ ਕਾਨੂੰਨ ਬਾਲ ਮਜਦੂਰੀ ਦੀ ਆਗਿਆ ਨਹੀਂ ਦਿੰਦਾ। 'ਸੱਚ ਹੈ ਤਾਂ ਮੰਨੋ – ਝੂਠ ਹੈ ਤਾਂ ਤੁਨੋ' ਕਹਾਣੀ ਦੇਸ਼ ਦੇ ਕਈ ਲਟਕਦੇ ਮਹੱਹਵਪੂਰਨ ਮਸਲਿਆਂ ਸਬੰਧੀ ਸਵਾਲ ਖੜ੍ਹੇ ਕਰਦੀ ਹੈ। ਵਿੱਤ ਮੰਤਰੀ ਵੱਲੋਂ ਸਵਿਸ ਖਾਤਿਆਂ ਦੀ ਜਾਣਕਾਰੀ ਜਨਤਕ ਨਾ ਕਰਨਾ, ਦੋ ਜੀ ਘੁਟਾਲੇ ਵਿੱਚ ਰਿਸ਼ਵਤ, ਕੌਮਨ ਵੈਲਥ ਗੇਮਾਂ ਵਿੱਚ ਕਰੋੜਾਂ ਦਾ ਗਬਨ, ਭੂਪਾਲ ਗੈਸ ਕਾਂਡ, 1984 ਵਿੱਚ ਸਿੱਖ ਕਤਲੇ ਆਮ ਆਦਿ ਕਈ ਅਜਿਹੇ ਮੁੱਦੇ ਹਨ ਜਿਨ੍ਹਾਂ ਬਾਰੇ ਦੋਸ਼ੀਆਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਰੋਜ ਕਮਿਸ਼ਨ ਬੈਠਦੇ ਹਨ, ਰਿਪੋਰਟਾਂ ਆਉਂਦੀਆਂ ਹਨ, ਰੱਦ ਹੁੰਦੀਆਂ ਹਨ। 'ਘਾਲਾਮਾਲਾ' ਕਹਾਣੀ ਵੱਡੇ ਵੱਡੇ ਨੇਤਾਵਾਂ ਅਤੇ ਰਾਜ ਘਰਾਣਿਆ ਦੇ ਅਨੈਤਿਕ ਸਬੰਧਾਂ ਨੂੰ ਥੀਮ ਵਜੋਂ ਉਭਾਰਦੀ ਹੈ। ਇਸ ਕਹਾਣੀ ਵਿੱਚ ਲੇਖਕ ਦੀਆਂ ਅਖੀਰਲੀਆਂ ਚਾਰ ਕੁ ਸਤਰਾਂ ਥੀਮ ਸਬੰਧੀ ਬਹੁਤ ਕੁਝ ਕਹਿ ਜਾਦੀਆਂ ਹਨ "ਉਪਰੋਕਤ ਸਾਰੀ ਹੀਰ ਮੁਕਾ ਦਿੰਦਾ ਹਾਂ ਕਿ ਇੱਥੇ ਤਾਂ ਇਹ ਵੀ ਲਿਖਿਆ ਕਿ ਤੁਹਾਡੇ ਆਦਰਸ਼ ਪ੍ਰਧਾਨਮੰਤਰੀ ਜੀ ਦਾ ਖਾਨਦਾਨ, ਉਨ੍ਹਾਂ ਦੇ ਨਜਾਇਜ ਸਬੰਧ, ਵਿਆਹ, ਮੁਕਲਾਵੇ ਅਤੇ ਅਗਲੀਆਂ ਸਨਤਾਨਾਂ ਸਭ ਘਾਲਾ ਮਾਲਾ ਹੀ ਹਨ। ਚੰਗਾ ਹੈ ਕਿਸੇ ਸਮਾਧ ਤੇ ਮੱਥਾ ਟੇਕਦੇ ਹੋ ਤਾਂ ਟੇਕਦੇ ਰਹੋ ਜੇ ਪੁੱਟ ਕੇ ਦੇਖੋਗੇ ਤਾਂ ਹੇਠੋਂ ਗਾਲ੍ਹੜ ਸ਼ਾਹ ਹੀ ਦੱਬੇ ਮਿਲਣਗੇ।"[15]

'ਕੱਚੇ ਚਿੱਠੇ' ਕਹਾਣੀ ਦੇ ਆਰੰਭ ਵਿੱਚ ਲੇਖਕ ਨੇ ਦੇਸ਼ ਦੀ ਜਨਤਾ ਦੁਆਰਾ ਆਸਥਾ ਦੇ ਨਾਂ ਤੇ ਲੱਖਾਂ ਦੀ ਗਿਣਤੀ ਵਿੱਚ ਕੱਠੇ ਹੋਣਾ ਪ੍ਰੰਤੂ ਦੇਸ਼ ਵਿੱਚ ਫੈਲੀ ਅਵਿਵਸਥਾ ਦੀ ਜਰ੍ਹਾਂ ਵੀ ਪ੍ਰਵਾਹ ਨਾਂ ਕਰਨਾ ਦੀ ਪ੍ਰਵਿਰਤੀ ਉੱਪਰ ਵਿਅੰਗ ਕੀਤਾ ਗਿਆ ਹੈ। "ਵਾਹ ਭਾਰਤ ਦੇਸ਼ ਅਤੇ ਇੱਥੋਂ ਦਾ ਜਨ-ਮਾਨਸ ਅਤੇ ਇਸ ਦੀਆਂ ਧਾਰਨਾਵਾਂ। ਕਿਸੇ ਆਸਥਾ ਨਾਲ ਜੁੜਕੇ ਇੱਕ ਥਾਂ ਬਹੁਤ ਸਾਰੇ ਮੁਲਕਾਂ ਦੀ ਸਾਰੀ ਆਬਾਦੀ ਨਾਲੋਂ ਵੱਧ ਲੋਕ ਪੁੱਜ ਜਾਂਦੇ ਸਾਰੇ ਵਿਸ਼ਵ ਦੀ ਸੁੱਖ ਮੰਗਦੇ ਹਨ। ਪਰ ਕੀ ਇਹਨਾਂ ਨੂੰ ਪਤਾ ਨਹੀਂ ਕਿ ਇਹਨਾਂ ਦੇ ਆਪਣੇ ਦੇਸ਼ ਦੇ ਤੰਤਰ ਦਾ ਜੋ ਹਾਲ ਹੈ ਉਸ ਨੂੰ ਇਹ ਇਸ਼ਨਾਨ ਕਿਵੇਂ ਸੁਧਾਰ ਸਕੇਗਾ"[16] ਅੱਗੇ ਚੱਲ ਕੇ ਲੇਖਕ ਨੇ ਨੇਤਾਵਾਂ ਦੁਆਰਾ ਕੀਤੇ ਭ੍ਰਿਸ਼ਟ ਕਾਰਨਾਮਿਆਂ ਬਾਰੇ ਕੱਚੇ ਚਿੱਠੇ ਫਰੋਲੇ ਹਨ। ਵੱਖ ਵੱਖ ਸਰਕਾਰਾਂ ਦੇ ਵੱਖ ਵੱਖ ਸਿਆਸੀ ਲੀਡਰਾਂ ਦੇ ਕਾਰਨਾਮੇ ਵੱਖ ਵੱਖ ਵਿਭਾਗ ਕੋਲ ਇਨਕੁਆਰੀ ਅਧੀਨ ਰਹਿੰਦੇ ਹਨ ਜਿਹੜੇ ਚੋਣਾਂ ਵੇਲੇ ਚੁੱਕੇ ਜਾਂਦੇ ਹਨ ਅਤੇ ਫੇਰ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਹਨ। "ਫਿਰ ਝਟਕਾ ਜਿਹਾ ਲੱਗਾ ਕਿ ਅਜਿਹੇ ਤਾਂ ਬਹੁਤ ਸਾਰੇ ਮਹਿਰਬਾਨ ਹਨ ਜਿਨ੍ਹਾਂ ਦੇ ਕੱਚੇ ਚਿੱਠੇ ਸਰਕਾਰ ਅਤੇ ਸੀ.ਬੀ.ਆਈ. ਕੋਲ ਪਏ ਹਨ। ਲੋੜ ਪੈਣ ਤੇ ਉਹਨਾਂ ਦੇ ਕੁਝ ਪੱਤਰਿਆਂ ਦਾ ਪਾਠ ਕਰ ਲਿਆ ਜਾਂਦਾ ਹੈ ਤੇ ਫਿਰ ਉਹਨਾਂ ਨੂੰ ਸੰਤੋਖ ਕੇ ਸੁਖਾਸਨ ਕਰ ਦਿੱਤਾ ਜਾਂਦਾ ਹੈ। ਕੀ ਉਹ ਸਾਰੇ ਵੀ ਚੋਣਾਂ ਵੇਲੇ ਹੀ ਪ੍ਰਕਾਸ਼ਿਤ ਕੀਤੇ ਜਾਣੇ ਹਨ ਜਾਂ ਬਫੋਰਸ ਦੇ ਮਾਮਲੇ ਅਨੁਸਾਰ ਲਟਕਾ ਲਟਕਾ ਕੇ ਹਸਪਤਾਲ ਵਿੱਚ ਪਹੁੰਚਣ ਤੋਂ ਪਹਿਲਾਂ ਮ੍ਰਿਤਕ ਘੋਸ਼ਿਤ ਕਰਨੇ ਹਨ। ਕਿਉਂਕਿ ਲਗਭਗ ਬਹੁਤੀਆਂ ਸਿਆਸੀ ਪਾਰਟੀਆਂ ਦੇ ਲੀਡਰਾਂ ਨੂੰ ਜਾੜ੍ਹਾਂ ਹੇਠ ਰੱਖਣ ਲਈ ਅਜਿਹੇ ਬਸਤੇ ਬਣਾਏ ਹੋਏ ਹਨ। ਕਿਸੇ ਦਾ ਬਸਤਾ ਸੀ.ਬੀ.ਆਈ. ਕੋਲ ਹੈ ਕਿਸੇ ਦਾ ਇਨਪੋਰਸਮੈਂਟ ਡਾਇਰੈਕਟੋਰੇਟ ਕੋਲ੍ਹ ਕਿਸੇ ਦਾ ਆਮਦਨ ਕਰ ਵਿਭਾਗ ਕੋਲ ਹੈ।"[17]

'ਹੁਣ ਤਲੋ ਪ੍ਰਾਊਂਠੇ' ਕਹਾਣੀ ਵਿੱਚ ਲੇਖਕ ਨੇ ਦੇਸ਼ ਦੀ ਭ੍ਰਿਸ਼ਟ ਵਿਵਸਥਾ ਅਧੀਨ ਪਿਸ ਰਹੇ ਆਮ ਜਨ ਮਾਨਸ ਦੀਆਂ ਸਮੱਸਿਆਵਾਂ ਨੂੰ ਥੀਮ ਵਜੋਂ ਪੇਸ਼ ਕੀਤਾ ਹੈ। ਦੇਸ਼ ਵਿੱਚ ਅਨਾਜ ਦੀ ਸਮੱਸਿਆ, ਭੁੱਖਮਰੀ ਅਤੇ ਗਰੀਬੀ ਬਾਰੇ ਲੇਖਕ ਕਹਿੰਦਾ ਹੈ, "ਮੈਂ ਤਾਂ ਉਸ ਦੇਸ਼ ਦਾ

ਸਾਧਾਰਣ ਆਦਮੀ ਹਾਂ ਜਿੱਥੋ ਦੀ ਤਿੰਨ ਵਟਾ ਚਾਰ ਆਬਾਦੀ ਭੁੱਖੀ ਸੌਂਦੀ ਹੈ ਜਾਂ ਥੋੜ੍ਹਾ ਬਹੁਤ ਜੋ ਮਿਲ ਗਿਆ ਖਾ ਕੇ ਸੌਂ ਜਾਂਦੀ ਹੈ। ਜਿੱਥੇ ਕੋਈ ਪਿਉ ਆਪਣੇ ਟੱਬਰ ਦੇ ਸਾਰੇ ਭੁੱਖੇ ਮਰਦੇ ਜੀਆਂ ਦੀ ਜਾਨ ਬਚਾਉਣ ਲਈ ਆਪਣੀ ਪੰਦਰ੍ਹਾ ਸਾਲਾਂ ਦੀ ਧੀ ਨੂੰ ਕਿਸੇ ਕੋਲ ਪੈਂਤੀ ਰੁਪਏ ਵਿੱਚ ਵੇਚ ਦਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਤੁਸੀ ਦੇਸ਼ ਦੇ ਉਸ ਖਿੱਤੇ ਦੇ ਰਹਿਣ ਵਾਲੇ ਹੋ ਜਿੱਥੇ ਸਭ ਨੂੰ ਪੇਟ ਭਰਕੇ ਖਾਣ ਨੂੰ ਮਿਲ ਜਾਂਦਾ ਹੈ ਜਾਂ ਇਹ ਵੀ ਕਹਿ ਲਵੋ ਇਥੇ ਦੇ ਸਰਕਾਰੀ ਗੋਦਾਮਾਂ ਵਿੱਚ ਅਨਾਜ ਸੜ ਰਿਹਾ ਹੈ ਅਤੇ ਗਧੇ ਤੇ ਸੂਰ ਆਪਣਾ ਪੇਟ ਭਰ ਰਹੇ ਹਨ। ਮੇਰੇ ਦੇਸ਼ ਦੇ ਮਹਾਨ ਵਿਅਕਤੀ ਇਸ ਬਾਰੇ ਕਦੇ ਨਹੀਂ ਸੋਚਦੇ ਕਿ ਕਿਸੇ ਗਰੀਬ ਦਾ ਚੁੱਲ੍ਹਾ ਕਿਵੇਂ ਜਲੇ ਉਹ ਤਾਂ ਆਪਣੀਆਂ ਰੋਟੀਆਂ ਹੀ ਨਹੀਂ ਸਿਆਸਤ ਦੀ ਭੱਠੀ ਤੇ ਪ੍ਰਾਉਂਠੇ ਵੀ ਤਲਦੇ ਰਹਿੰਦੇ ਹਨ।”[18] ਇਸੇ ਕਹਾਣੀ ਵਿੱਚ ਲੇਖਕ ਨੇ ਦੇਸ਼ ਦੇ ਹੁਕਮਰਾਨਾਂ ਦੇ ਗਿਰ ਚੁੱਕੇ ਇਖ਼ਲਾਕ ਤੇ ਚਿੰਤਾ ਪ੍ਰਗਟਾਈ ਹੈ ਅਤੇ ਦੇਸ਼ ਵਿੱਚ ਰੋਜ਼ ਹੋ ਰਹੇ ਅਪਹਰਨ ਅਤੇ ਬਲਾਤਕਾਰਾਂ ਦੀਆਂ ਘਟਨਾਵਾਂ ਉਪਰ ਲਾਹਨਤ ਪਾਈ ਹੈ, ਕਿ ਲੋੜ ਹੈ ਮਨੁੱਖ ਨੂੰ ਆਪਣੀ ਮਾਨਸਿਕਤਾ ਬਦਲਣ ਦੀ। “ਦੇਸ਼ ਵਿੱਚ ਸ਼ਾਤੀ ਹੈ ਤਾਂ ਮੇਰਾ ਮਨ ਵੀ ਸ਼ਾਤ ਹੈ ਤੇ ਪ੍ਰਸੰਨ ਹੈ ਪਰ ਜੇ ਦੇਸ਼ ਵਿੱਚ ਆਤੰਕ ਦਾ ਮਾਹੌਲ ਹੈ ਅਤੇ ਚਾਰੇ ਪਾਸੇ ਤੋਂ ਧੀਆਂ, ਭੈਣਾਂ, ਮਾਵਾਂ ਦੇ ਅਪਹਰਨ ਅਤੇ ਬਲਾਤਕਾਰ ਦੀਆਂ ਖਬਰਾਂ ਮਿਲਦੀਆਂ ਹਨ। ਦੇਸ਼ ਦੇ ਹੁਕਮਰਾਨ ਇਨ੍ਹਾਂ ਦੁਸ਼ਕਰਮਾਂ ਵਿੱਚ ਸ਼ਾਮਲ ਹੋਂਣ ਦੀਆਂ ਗੱਲਾਂ ਹੁੰਦੀਆਂ ਹਨ ਤਾਂ ਮੈਂ ਹੀ ਨਹੀਂ ਹਰ ਉਹ ਵਿਅਕਤੀ ਜਿਸਦੇ ਘਰ ਧੀ ਭੈਣ ਹੈ ਇਸ ਤੋਂ ਪੀੜ੍ਹਤ ਹੋਵੇਗਾ। ਇਹ ਗੱਲ ਸੁਭਾਵਿਕ ਹੈ। ਪਰ ਦੇਖ ਪ੍ਰਾਈਆਂ ਜਾਈਆਂ, ਮਾਵਾਂ, ਭੈਣਾਂ, ਧੀਆਂ ਜਾਣੇ ਸਾਡਾ ਇਖਲਾਕ ਕਿਥੇ ਗਿਆ।ਮੈਨੂੰ ਖੁਸ਼ੀ ਹੈ ਕਿ ਨੌਜਵਾਨ ਬੱਚੇ ਇਹ ਗੱਲਾਂ ਸੁਣਨ ਲਈ ਰੁੱਕੇ ਹਨ। ਹੁਣ ਸਾਨੂੰ ਆਪਣੀ ਮਾਨਸਿਕਤਾ ਨੂੰ ਸੁਧਾਰਨ ਦੀ ਲੋੜ ਹੈ।”[19]

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਸਾਰ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀ ਸੰਗ੍ਰਿਹ ਦੇਸ਼ ਵਿਚ ਹਰ ਪਾਸੇ ਫੈਲੀ ਹਫਰਾਤਫਰੀ, ਭ੍ਰਿਸ਼ਟਾਚਾਰ, ਸਰਕਾਰਾਂ ਅਤੇ ਜਨਮਾਨਸ ਦੀ ਦੇਸ਼ ਪ੍ਰਤੀ ਵਿਮੁੱਖਤਾ, ਫੈਸਲਿਆਂ ਵਿੱਚ ਹੋਣ ਵਾਲੀ ਦੇਰੀ, ਨਿੱਤ ਹੋਣ ਵਾਲੇ ਘਪਲੇ, ਘੋਟਾਲਿਆ ਦਾ ਇਕ ਅਹਿਮ ਦਸਤਾਵੇਜ਼ ਹੋ ਨਿੱਬੜਦਾ ਹੈ। ਲੇਖਕ ਨੇ ਇੱਕ ਸੁਹਿਰਦ ਸਹਿਤਕਾਰ ਅਤੇ ਵਿਦਵਾਨ ਚਿੰਤਕ ਵਾਂਗ ਲੰਬੇ ਜੀਵਨ– ਅਨੁਭਵ ਅਤੇ ਗਿਆਨ ਤੇ ਆਧਾਰਿਤ ਕਹਾਣੀ ਕਹੀ ਹੈ ਨਾ ਕਿ ਕੋਰੀ ਕਲਪਣਾ ਤੇ ਆਧਾਰਿਤ। ਉਸਨੇ ਵੱਡੀਆਂ ਵੱਡੀਆਂ ਥੀਮਕ ਤੰਦਾ ਨੂੰ ਜਿਸ ਸਰਲਤਾ ਅਤੇ ਸਹਿਜਤਾ ਨਾਲ ਬਿਖੇਰਿਆ ਹੈ, ਉਹ ਆਮ ਲੇਖਕ ਦੇ ਹਿੱਸੇ ਘੱਟ ਹੀ ਆਉਂਦਾ ਹੈ।

## ਹਵਾਲੇ ਅਤੇ ਟਿੱਪਣਆਂ


| | | |
|---|---|---|
| 1. ਡਾ. ਜੀਵਨ ਬਖਸ਼ੀ | ਮਾਨਵੀ ਸਰੋਕਾਰਾਂ ਦੇ ਪੈਰੋਕਾਰ | ਦੋ ਸ਼ਬਦ |
| | ਸੀ.ਆਰ ਮੋਦਗਿਲ, ਉਡਾਨ ਪਬਲੀਕੇਸ਼ਨ, ਮਾਨਸਾ, 2010 | |
| 2. ਸੀ.ਆਰ. ਮੋਦਗਿਲ | ਅੰਨ੍ਹੀ ਪੀਸੇ ਕੁੱਤਾ ਚੱਟੇ | 17 |
| | ਉਡਾਣ ਪਬਲੀਕੇਸ਼ਨਜ, ਮਾਨਸਾ 2013 | |
| 3. ———ਉਹੀ——— | ——— ਉਹੀ ——— | 19 |
| 4. ———ਉਹੀ——— | ——— ਉਹੀ ——— | 25 |
| 5. ———ਉਹੀ——— | ——— ਉਹੀ ——— | 29 |
| 6. ———ਉਹੀ——— | ——— ਉਹੀ ——— | 31 |
| 7. ———ਉਹੀ——— | ——— ਉਹੀ ——— | 31 |
| 8. ———ਉਹੀ——— | ——— ਉਹੀ ——— | 33 |
| 9. ———ਉਹੀ——— | ——— ਉਹੀ ——— | 34 |
| 10. ———ਉਹੀ——— | ——— ਉਹੀ ——— | 35 |
| 11. ———ਉਹੀ——— | ——— ਉਹੀ ——— | 33 |
| 12. ———ਉਹੀ——— | ——— ਉਹੀ ——— | 44 |
| 13. ———ਉਹੀ——— | ——— ਉਹੀ ——— | 58 |
| 14. ———ਉਹੀ——— | ——— ਉਹੀ ——— | 66 |
| 15. ———ਉਹੀ——— | ——— ਉਹੀ ——— | 84 |
| 16. ———ਉਹੀ——— | ——— ਉਹੀ ——— | 85 |
| 17. ———ਉਹੀ——— | ——— ਉਹੀ ——— | 86—87 |
| 18. ———ਉਹੀ——— | ——— ਉਹੀ ——— | 92 |
| 19. ———ਉਹੀ——— | ——— ਉਹੀ ——— | 93 |